# ਚਟਕਾਰਿਆ ਭਰਪੂਰ ਨਵੇਂ ਬ੍ਰਾਂਡ ਦੀ ਪੇਸ਼ਕਸ਼

ਲੁਧਿਆਣਾ, 9 ਫਰਵਰੀ (ਸਚਦੇਵਾ)- ਭਾਰਤ ਦੇ ਸਭ ਤੋਂ ਮਸ਼ਹੂਰ ਅਤੇ ਲਜ਼ੀਜ਼ਦਾਰ ਸਨੈਕ ਫੂਡ ਬ੍ਰਾਂਡ ਕੁਰਕੁਰੇ ਨੇ ਆਪਣੇ ਨਮਕੀਨ ਦੇ ਨਵੇਂ ਬ੍ਰਾਂਡ ਨੂੰ ਲਾਂਚ ਕੀਤਾ ਹੈ। ਪੰਜਾਬੀ ਰਸੋਈ ਦੇ ਬੇਮਿਸਾਲ ਸਵਾਲ ਅਤੇ ਖੁਸ਼ਬੂ ਵਾਲੇ ਕੁਰਕੁਰੇ ਦੇ ਇਸ ਨਵੇਂ ਨਮਕੀਨ ਦਾ ਨਾਮ ਹੈ 'ਪੰਜਾਬੀ ਕੜਾਈ ਮਸਾਲਾ'। ਕੁਰਕੁਰੇ ਦੇ ਇਸ ਨਵੇਂ ਨਮਕੀਨ 'ਚ ਉਹ ਸਾਰੀਆਂ ਚੀਜਾਂ ਮੌਜੂਦ ਹਨ, ਜਿਨਾਂ ਨੂੰ ਪੰਜਾਬੀ ਲੋਕੀ ਚਟਕਾਰੇ ਲੈ ਕੇ ਖਾਂਦੇ ਹਨ। ਕੁਰਕੁਰੇ ਦਾ ਫੰਜਾਬੀ ਕੜਾਈ ਮਸਾਲਾ ਰਾਜਮਾਂ ਨਾਲ ਬਣਾਇਆ ਗਿਆ ਹੈ ਅਤੇ ਇਹ ਦਾਲਚੀਨੀ, ਲੌਂਗ ਅਤੇ ਕਾਲੀ ਇਲਾਇਚੀ ਦੇ ਖੁਸ਼ਬੂਦਾਰ ਜਾਇਕੇ ਨਾਲ ਮਾਲਾਮਾਲ ਹੈ। ਇਹੋ ਨਹੀਂ ਇਸ 'ਚ ਥੋੜ੍ਹਾ ਜਿਹਾ ਟਮਾਟਰ ਵੀ ਪਿਆ ਹੈ, ਜੋ ਇਸ ਦੇ ਸਵਾਦ ਨੂੰ ਹੋਰ ਵੀ ਚਟਪਟਾ ਬਣਾ ਦਿੰਦਾ ਹੈ। ਫੰਜਾਬੀ ਕੜਾਈ ਮਸਾਲਾ ਦੀ ਲਾਂਚਿੰਗ ਮੌਕੇ ਫ੍ਰਿਟੋ ਲੇ ਇੰਡੀਆ ਦੀ ਮਾਰਕੀਟਿੰਗ ਡਾਇਰੈਕਟਰ ਦੀਪਿਕਾ ਵਾਰੀਅਰ ਨੇ ਕਿਹਾ ਕਿ ਭਾਰਤੀ ਸਨੈਕ ਬਾਜ਼ਾਰ ਦੇ ਮੂਹਰੀ ਬ੍ਰਾਂਡ ਦੇ ਤੌਰ 'ਤੇ ਸਥਾਪਿਤ ਕੁਰਕੁਰੇ ਹਮੇਸ਼ਾ ਅਨੋਖੇ ਅਤੇ ਲਾਜਵਾਬ ਜਾਇਕਾਂ ਰਾਹੀਂ ਆਪਣੇ ਗ੍ਰਾਹਕਾਂ ਨੂੰ ਸਵਾਦੂ ਸਰਪ੍ਰਾਈਜ਼ ਦੇਣ ਦੇ ਲਈ ਮਸ਼ਹੂਰ ਰਿਹਾ ਹੈ।